# ਖੇਡਾਂ ਕਿੱਦਾਂ ਕੰਮ ਕਰਦੀਆਂ ਹਨ

# ਅਲਟੀਮੇਟ ਟੈਕਸਸ ਹੋਲਡ'ਮ ਪੋਕਰ

**ਸੁਗਲ ਬਣਾਈ ਰੱਖੋ।**
**ਖੇਡਣ ਤੋਂ ਪਹਿਲਾਂ ਸਿੱਖੋ ਕਿ ਖੇਡਾਂ ਕਿੱਦਾਂ ਕੰਮ ਕਰਦੀਆਂ ਹਨ।**

ਅਲਟੀਮੇਟ ਟੈਕਸਸ ਹੋਲਡ'ਮ ਪੋਕਰ ਵਿਚ ਖਿਡਾਰੀ ਇਕ ਦੂਜੇ ਦੇ ਖਿਲਾਫ ਨਹੀਂ ਖੇਡਦੇ। ਇਸ ਦੀ ਥਾਂ ਉਹ ਸਿੱਧੇ ਪੱਤਿਆਂ ਨਾਲ ਡੀਲਰ ਦੇ ਅਤੇ ਓਪਸ਼ਨਲ ਬੋਨਸ ਸ਼ਰਤ ਦੇ ਖਿਲਾਫ ਖੇਡਦੇ ਹਨ। ਇਹ ਖੇਡ ਤੁਹਾਨੂੰ ਕਈ ਰੰਗਾਂ ਦੀ ਖੇਡ (ਫੀਚਰ) ਦਿੰਦੀ ਹੈ:

- ਜਿੰਨੀ ਛੇਤੀ ਤੁਸੀਂ ਦਾਅ ਲਾਓਗੇ ਉਨੇ ਹੀ ਜ਼ਿਆਦਾ ਪੈਸੇ ਤੁਸੀਂ ਦਾਅ 'ਤੇ ਲਾ ਸਕਦੇ ਹੋ।
- ਤੁਹਾਨੂੰ ਉਨਾਂ ਚਿਰ ਖੇਡ 'ਚੋਂ ਨਿਕਲਣ ਦੀ ਲੋੜ ਨਹੀਂ ਜਿੰਨਾਂ ਚਿਰ ਤੁਸੀਂ ਸਾਰੇ ਸਾਂਝੇ ਪੱਤੇ ਨਹੀਂ ਦੇਖ ਲੈਂਦੇ।
- ਟਰਿਪਸ ਬੋਨਸ ਨਾਲ ਔਡਸ ਵੀ ਅਦਾ ਹੁੰਦੇ ਹਨ ਜੇ ਤੁਹਾਡਾ ਅਖੀਰਲਾ ਹੱਥ ਥਰੀ ਆਫ ਏ ਕਾਈਂਡ ਜਾਂ ਬਿਹਤਰ ਹੋਵੇ।

**ਸ਼ੁਰੂ ਕਰਨਾ:** ਖਿਡਾਰੀ ਸ਼ੁਰੂ ਵਿਚ ਐਂਟੇ ਅਤੇ ਬਲਾਈਂਡ ਸ਼ਰਤਾਂ ਵਿਚ ਇਕੋ ਜਿਹੇ ਪੈਸੇ ਦਾਅ 'ਤੇ ਲਾਉਂਦੇ ਹਨ। ਤੁਸੀਂ ਜੇ ਚਾਹੋ ਤਾਂ ਓਪਸ਼ਨਲ ਟਰਿੱਪਸ ਬੋਨਸ ਦਾਅ ਵੀ ਲਾ ਸਕਦੇ ਹੋ। ਹਰ ਖਿਡਾਰੀ ਅਤੇ ਡੀਲਰ ਨੂੰ ਫੇਰ ਦੋ ਪੱਤੇ ਮੂਧੇ ਮਾਰੇ ਮਿਲਦੇ ਹਨ।

**ਵੱਡਾ ਦਾਅ ਲਾਓ, ਛੋਟਾ ਲਾਓ, ਜਾਂ ਬਿਲਕੁਲ ਹੀ ਨਾ ਲਾਓ:** ਜਦੋਂ ਤੁਹਾਨੂੰ ਦੋ ਹੋਲ ਕਾਰਡ ਮਿਲਦੇ ਹਨ, ਤੁਸੀਂ ਚੈੱਕ ਕਰ ਸਕਦੇ ਹੋ ਜਾਂ ਆਪਣੇ ਐਂਟੇ ਦਾਅ ਦੇ ਤਿੱਗਣੇ ਤੋਂ ਚੌਗਣੇ (3X – 4X) ਤੱਕ ਪਲੇਅ ਵਾਲੇ ਘੇਰੇ 'ਤੇ ਦਾਅ ਲਾ ਸਕਦੇ ਹੋ। ਫੇਰ ਡੀਲਰ ਤਿੰਨ ਪੱਤਿਆਂ ਦਾ ਫਲੌਪ ਦਿਖਾਉਂਦਾ ਹੈ। ਜੇ ਤੁਸੀਂ ਅਜੇ ਖੇਡ 'ਤੇ ਸ਼ਰਤ ਨਾ ਲਾਈ ਹੋਵੇ ਤਾਂ ਤੁਹਾਡੇ ਕੋਲ ਚੋਣ ਹੈ ਕਿ ਤੁਸੀਂ ਚੈੱਕ ਕਰ ਸਕਦੇ ਹੋ ਜਾਂ ਆਪਣੀ ਐਂਟੇ ਦੀ ਰਕਮ ਦਾ ਦੁੱਗਣਾ (2X) ਦਾਅ 'ਤੇ ਲਾ ਸਕਦੇ ਹੋ। ਫੇਰ ਡੀਲਰ ਅਖੀਰਲੇ ਦੋ ਸਾਂਝੇ ਪੱਤੇ ਦਿਖਾਉਂਦਾ ਹੈ। ਜੇ ਤੁਸੀਂ ਅਜੇ ਖੇਡ 'ਤੇ ਸ਼ਰਤ ਨਾ ਲਾਈ ਹੋਵੇ ਤੁਹਾਡੇ ਕੋਲ ਚੋਣ ਹੈ ਕਿ ਤੁਸੀਂ ਚੈੱਕ ਕਰ ਸਕਦੇ ਹੋ ਜਾਂ ਆਪਣੀ ਐਂਟੇ ਦੀ ਰਕਮ ਦੇ ਬਰਾਬਰ (1X) ਦਾਅ 'ਤੇ ਲਾ ਸਕਦੇ ਹੋ।

**ਜਿੱਤਣਾ ਤੇ ਹਾਰਨਾ:** ਫੇਰ ਡੀਲਰ ਆਪਣੇ ਦੋ ਹੋਲ ਪੱਤੇ ਦਿਖਾਉਂਦਾ ਹੈ ਤੇ ਆਪਣੇ ਹੱਥ ਦਾ ਐਲਾਨ ਕਰਦਾ ਹੈ। ਜੇ ਤੁਹਾਡਾ ਹੱਥ ਡੀਲਰ ਦੇ ਹੱਥ ਨੂੰ ਹਰਾਉਂਦਾ ਹੋਵੇ, ਤੁਹਾਡੇ ਪਲੇਅ ਅਤੇ ਐਂਟੇ ਸ਼ਰਤਾਂ ਬਰਾਬਰ ਦੇ ਪੈਸੇ ਜਿੱਤਦੀਆਂ ਹਨ।

ਜੇ ਡੀਲਰ ਦਾ ਹੱਥ ਤੁਹਾਨੂੰ ਹਰਾਉਂਦਾ ਹੋਵੇ, ਤੁਸੀਂ ਪਲੇਅ, ਐਂਟੇ ਅਤੇ ਬਲਾਈਂਡ ਦੇ ਪੈਸੇ ਹਾਰ ਜਾਂਦੇ ਹੋ।

ਜੇ ਤੁਸੀਂ ਬਰਾਬਰ ਰਹੋ ਤਾਂ ਉਹ ਸ਼ਰਤਾਂ ਪੁੱਸ਼ ਹੁੰਦੀਆਂ ਹਨ। ਜੇ ਤੁਹਾਡਾ ਜੇਤੂ ਹੱਥ ਘੱਟੋ ਘੱਟ ਸਟਰੇਟ ਹੋਵੇ ਤਾਂ ਬਲਾਈਂਡ ਦੇ ਪੈਸੇ ਅਦਾ ਹੁੰਦੇ ਹਨ। ਜੇ ਤੁਸੀਂ ਡੀਲਰ ਨੂੰ ਸਟਰੇਟ ਤੋਂ ਘੱਟ ਪੱਤਿਆਂ ਨਾਲ ਹਰਾਉਂਦੇ ਹੋ, ਤਾਂ ਪੁੱਸ਼ ਹੁੰਦੀ ਹੈ।

**ਡੀਲਰ ਦਾ ਕੁਆਲੀਫਾਈ ਹੋਣਾ:** ਡੀਲਰ ਨੂੰ ਕੁਆਲੀਫਾਈ ਹੋਣ ਲਈ ਇਕ ਜੋੜੇ ਦੀ ਲੋੜ ਹੁੰਦੀ ਹੈ। ਜਦੋਂ ਡੀਲਰ ਕੁਆਲੀਫਾਈ ਨਾ ਕਰੇ ਉਹ ਤੁਹਾਡੇ ਐਂਟੇ ਪੈਸੇ ਮੋੜ ਦਿੰਦਾ ਹੈ। ਬਾਕੀ ਸਾਰੀਆਂ ਸ਼ਰਤਾਂ ਦਾ ਪ੍ਰਤੀਕਰਮ ਹੁੰਦਾ ਹੈ

## ਬਲਾਈਂਡ ਦੀ ਅਦਾਇਗੀ ਸੂਚੀ

| ਹੱਥ ਦਾ ਮੁੱਲ | ਅਦਾਇਗੀ |
|---|---|
| ਰੌਆਇਲ ਫਲੱਸ਼ | 500 ਟੂ 1 |
| ਸਟਰੇਟ ਫਲੱਸ਼ | 50 ਟੂ 1 |
| ਫੋਰ ਆਫ ਏ ਕਾਈਂਡ | 10 ਟੂ 1 |
| ਫੁੱਲ ਹਾਊਸ | 3 ਟੂ 1 |
| ਫਲੱਸ਼ | 3 ਟੂ 2 |
| ਸਟਰੇਟ | 1 ਟੂ 1 |

## ਟਰਿੱਪਸ ਬੋਨਸ ਦੀ ਅਦਾਇਗੀ ਸੂਚੀ

| ਹੱਥ ਦਾ ਮੁੱਲ | ਅਦਾਇਗੀ |
|---|---|
| ਰੌਆਇਲ ਫਲੱਸ਼ | 50 ਟੂ 1 |
| ਸਟਰੇਟ ਫਲੱਸ਼ | 40 ਟੂ 1 |
| ਫੋਰ ਆਫ ਏ ਕਾਈਂਡ | 30 ਟੂ 1 |
| ਫੁੱਲ ਹਾਊਸ | 8 ਟੂ 1 |
| ਫਲੱਸ਼ | 6 ਟੂ 1 |
| ਸਟਰੇਟ | 5 ਟੂ 1 |
| ਥਰੀ ਆਫ ਏ ਕਾਈਂਡ | 3 ਟੂ 1 |




**ਮੇਜ਼ 'ਤੇ ਖੇਡਣ ਵਾਲੀਆਂ ਹੋਰ ਖੇਡਾਂ ਬਾਰੇ ਜਾਨਣ ਲਈ ਡੀਲਰ ਸੁਪਰਵਾਈਜ਼ਰ ਨੂੰ ਪੁੱਛੋ, ਇਸ ਜਗ੍ਹਾ ਦੇ ਗੇਮਸੈਂਸ ਇਨਫੋ ਸੈਂਟਰ 'ਤੇ ਜਾਵੋ ਜਾਂ ਏਥੇ ਦੇਖੋ : www.bclc.com**



bclc playing it right
GameSense
engage your GameSense.ca